**ਪੰਜਾਬ ਸਰਕਾਰ**

**ਪ੍ਰਸੋਨਲ ਵਿਭਾਗ**

**(ਪ੍ਰਸੋਨਲ ਪਾਲਿਸੀ-3 ਸ਼ਾਖਾ)**

**ਅਧਿਸੂਚਨਾ**

ਨੰ: 10/05/2023-3ਪੀਪੀ3/264 ਮਿਤੀ, ਚੰਡੀਗੜ੍ਹ: 22.04.2025

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਸਨਮੁੱਖ ਰਾਜ ਸਰਕਾਰ ਵੱਲੋਂ ਜਾਰੀ ਕੀਤੇ ਤਨਖਾਹ ਢਾਂਚੇ ਵਿੱਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਰਾਜ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਵੱਲੋਂ ਪ੍ਰਾਪਤ ਹੋਣ ਵਾਲੀਆਂ ਪ੍ਰਤੀਬੇਨਤੀਆਂ ਤੇ ਵਿਚਾਰ ਕਰਨ ਹਿੱਤ ਅਧਿਸੂਚਨਾ ਨੰ: 10/05/2023-3ਪੀਪੀ3/399 ਮਿਤੀ: 21.09.2023 ਅਤੇ ਅਧਿਸੂਚਨਾ ਨੰ: 10/05/2023-3ਪੀਪੀ3/651 ਮਿਤੀ: 25.11.2024 ਰਾਹੀਂ ਗਠਿਤ ਅਨਾਮਲੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਹੇਠ ਲਿਖੇ ਅਨੁਸਾਰ ਮਾਮਲੇ ਵੀ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

ਮਿਤੀ 17.07.2020 ਜਾਂ ਉਸ ਤੋਂ ਬਾਅਦ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਤੇ 7th Central Pay Commission ਦੇ ਪੈਟਰਨ ਤੇ ਪੇਅ ਸਕੇਲ ਲਾਗੂ ਕਰਨ ਨਾਲ ਇਨ੍ਹਾਂ ਕਰਮਚਾਰੀਆਂ ਦੇ ਪੇਅ ਸਕੇਲਾਂ ਵਿੱਚ ਆ ਰਹੀਆਂ ਅਨਾਮਲੀਜ਼ ਅਤੇ ਇਨ੍ਹਾਂ ਪੇਅ ਸਕੇਲਾਂ ਨਾਲ ਸਬੰਧਤ ਹੋਰ ਸਾਰੇ ਮਾਮਲਿਆਂ ਸਬੰਧੀ ਆਪਣੀਆਂ ਸਿਫ਼ਾਰਸ਼ਾਂ ਦੇਣ ਸਬੰਧੀ ਮਾਮਲਾ ਵੀ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਸਬੰਧੀ ਗਠਿਤ ਕੀਤੀ ਅਨਾਮਲੀ ਕਮੇਟੀ ਵੱਲੋਂ ਹੀ ਵਿਚਾਰਿਆ ਜਾਵੇਗਾ।

ਮਿਤੀ, ਚੰਡੀਗੜ੍ਹ:
21 ਅਪ੍ਰੈਲ, 2025

ਕੇ ਏ ਪੀ ਸਿਨਹਾ,
ਮੁੱਖ ਸਕੱਤਰ, ਪੰਜਾਬ ਸਰਕਾਰ

ਨੰ: 10/05/2023-3ਪੀਪੀ3/265 ਮਿਤੀ, ਚੰਡੀਗੜ੍ਹ: 22.04.2025

ਉਪਰੋਕਤ ਦਾ ਇਕ ਉਤਾਰਾ ਅਨਾਮਲੀ ਕਮੇਟੀ ਦੇ ਚੇਅਰਮੈਨ/ਮੈਂਬਰਜ/ਮੈਂਬਰ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/266 ਮਿਤੀ, ਚੰਡੀਗੜ੍ਹ: 22.04.2025

ਉਪਰੋਕਤ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/267 ਮਿਤੀ, ਚੰਡੀਗੜ੍ਹ: 22.04.2025

ਉਪਰੋਕਤ ਦਾ ਇਕ ਉਤਾਰਾ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ, ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਡਵੀਜ਼ਨਾ ਦੇ ਕਮਿਸ਼ਨਰਜ਼, ਡਿਪਟੀ ਕਮਿਸ਼ਨਰਜ ਅਤੇ ਸਬ ਡਵੀਜ਼ਨਲ ਮੈਜਿਸਟਰੇਟਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/268 ਮਿਤੀ, ਚੰਡੀਗੜ੍ਹ: 22.04.2025

ਉਪਰੋਕਤ ਦਾ ਇਕ ਉਤਾਰਾ ਓ.ਐਸ.ਡੀ./ਮੁੱਖ ਸਕੱਤਰ ਜੀ ਨੂੰ ਮੁੱਖ ਸਕੱਤਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/269 ਮਿਤੀ, ਚੰਡੀਗੜ੍ਹ: 22.04.2025

ਉਪਰੋਕਤ ਦਾ ਇਕ ਉਤਾਰਾ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ; FD-FP-10PYSC/38/2020-4FP1/24 ਮਿਤੀ: 11.03.2025 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮਿਤੀ 17.07.2020 ਜਾਂ ਉਸ ਤੋਂ ਬਾਅਦ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਤੇ 7th Central Pay Commission ਦੇ ਪੈਟਰਨ ਤੇ ਪੇਅ ਸਕੇਲ ਲਾਗੂ ਕਰਨ ਨਾਲ ਇਨ੍ਹਾਂ ਕਰਮਚਾਰੀਆਂ ਦੇ ਪੇਅ ਸਕੇਲਾਂ ਵਿੱਚ ਆ ਰਹੀਆਂ ਅਨਾਮਲੀਜ਼ ਅਤੇ ਇਨ੍ਹਾਂ ਪੇਅ ਸਕੇਲਾਂ ਨਾਲ ਸਬੰਧਤ ਹੋਰ ਸਾਰੇ ਮਾਮਲਿਆਂ ਸਬੰਧੀ ਪ੍ਰਾਪਤ ਹੋਣ ਵਾਲੇ ਕੇਸਾਂ ਦੇ ਨਿਪਟਾਰੇ ਸਬੰਧੀ ਵਿੱਤ ਵਿਭਾਗ (ਅਨਾਮਲੀ ਸ਼ਾਖਾ) ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/270 ਮਿਤੀ, ਚੰਡੀਗੜ੍ਹ: 22.04.2025

ਉਪਰੋਕਤ ਦਾ ਇਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਹ ਨੋਟੀਫਿਕੇਸ਼ਨ (ਬਿਨ੍ਹਾਂ ਉਤਾਰਿਆਂ ਦੇ) ਸਾਧਾਰਨ ਗਜਟ ਵਿੱਚ ਛਾਪਣ ਹਿੱਤ ਭੇਜਿਆ ਜਾਂਦਾ ਹੈ। ਇਸ ਦੀਆਂ 10 ਕਾਪੀਆਂ ਇਸ ਵਿਭਾਗ ਨੂੰ ਰਿਕਾਰਡ ਹਿੱਤ ਭੇਜੀਆਂ ਜਾਣ।

ਅਧੀਨ ਸਕੱਤਰ ਪ੍ਰਸੋਨਲ